# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ8-ਫੇਜ਼ ,ਪੰਜਾਬ ਸਕੂਲ ਸਿੱਖਿਆ ਬੋਰਡ ਕੰਪ ,ਈ-ਬਲਾਕ ,,ਐਸਨਗਰ.ਐਸ.ਏ.

Email:- directorscert@punjabeducation.gov.in ਫੋਨ ਨੰਬਰ2212221-0172-:


ਸੇਵਾ ਵਿਖੇ,

ਡਾਇਰੈਕਟਰ ਸਕੂਲ ਸਿੱਖਿਆ (ਐਲੀ:),
ਪੰਜਾਬ ।

ਵਿਸ਼ਾ:- ਨਵ-ਨਿਯੁਕਤ ਈ.ਟੀ.ਟੀ ਅਧਿਆਪਕਾਂ ਦੇ ਈ.ਟੀ.ਟੀ. ਸਰਟੀਫਿਕੇਟਾਂ ਦੀ ਐਸ.ਸੀ.ਈ.ਆਰ.ਟੀ. ਪੰਜਾਬ ਤੋਂ ਵੈਰੀਫਿਕੇਸ਼ਨ ਸਬੰਧੀ ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਨਿਮਨਹਸਤਾਖਰੀ ਦੇ ਧਿਆਨ ਵਿੱਚ ਆਇਆ ਹੈ ਕਿ ਵੱਖ-ਵੱਖ ਜਿਲ੍ਹਿਆਂ ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਵੱਲੋਂ ਬਲਾਕ ਵਿੱਚ ਨਿਯੁਕਤ ਸਮੂਹ ਅਧਿਆਪਕਾਂ ਨੂੰ ਨਿਜੀ ਤੌਰ ਤੇ ਈ.ਟੀ.ਟੀ. ਦੇ ਸਰਟੀਫਿਕੇਟ ਦੀ ਐਸ.ਸੀ.ਈ.ਆਰ.ਟੀ. ਪੰਜਾਬ ਤੋਂ ਵੈਰੀਫਿਕੇਸ਼ਨ ਲਈ ਸਰਟੀਫਿਕੇਟ ਜਮ੍ਹਾਂ ਕਰਵਾਉਣ ਲਈ ਐਸ.ਸੀ.ਈ.ਆਰ.ਟੀ.ਦਫ਼ਤਰ ਭੇਜ ਦਿੱਤਾ ਜਾਂਦਾ ਹੈ, ਇਸ ਕਰਕੇ ਰੋਜ਼ਾਨਾ ਕਾਫੀ ਸੰਖਿਆ ਵਿੱਚ ਨਵ-ਨਿਯੁਕਤ ਈ.ਟੀ.ਟੀ. ਅਧਿਆਪਕ ਸਕੂਲ ਤੋਂ ਆਨ-ਡਿਊਟੀ ਐਸ.ਸੀ.ਈ.ਆਰ.ਟੀ.ਦਫ਼ਤਰ ਮੋਹਾਲੀ ਆਉਂਦੇ ਹਨ ਜਦਕਿ ਨਿਯਮਾਂ ਅਨੁਸਾਰ ਬਲਾਕ ਵਿੱਚ ਨਵ-ਨਿਯੁਕਤ ਅਧਿਆਪਕਾਂ ਦੇ ਸਰਟੀਫਿਕੇਟਾਂ ਦੀ ਪੜਤਾਲ ਬਤੌਰ ਡੀ.ਡੀ.ਓ. ਹੋਣ ਕਾਰਨ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਵੱਲੋਂ ਕਰਵਾਉਣੀ ਹੁੰਦੀ ਹੈ ।

ਇਸ ਲਈ ਪੰਜਾਬ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਨੂੰ ਹਦਾਇਤ ਕੀਤੀ ਜਾਵੇ ਕਿ ਜਦ ਵੀ ਸਰਕਾਰ ਵੱਲੋਂ ਨਵੇਂ ਅਧਿਆਪਕਾਂ ਦੀ ਨਿਯੁਕਤੀ ਕੀਤੀ ਜਾਂਦੀ ਹੈ ਤਾਂ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਵੱਲੋਂ ਸਮੂਹ ਨਵ-ਨਿਯੁਕਤ ਅਧਿਆਪਕਾਂ ਦੇ ਈ.ਟੀ.ਟੀ. ਦੇ ਸਰਟੀਫਿਕੇਟ ਵੈਰੀਫਿਕੇਸ਼ਨ ਲਈ ਇਕੱਠੇ ਕਰਕੇ ਬਲਾਕ ਦਫ਼ਤਰ ਦੇ ਵਿਸ਼ੇਸ਼ ਹਰਕਾਰੇ ਰਾਹੀਂ ਪ੍ਰਿੰਸੀਪਲ ਡਾਇਟ ਨੂੰ ਜਮ੍ਹਾਂ ਕਰਵਾ ਦਿੱਤੇ ਜਾਣ । ਸਬੰਧਤ ਡਾਇਟ ਪ੍ਰਿੰਸੀਪਲ ਵੱਲੋਂ ਜਿਲ੍ਹੇ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਤੋਂ ਨਵ-ਨਿਯੁਕਤ ਅਧਿਆਪਕਾਂ ਦੇ ਈ.ਟੀ.ਟੀ. ਸਰਟੀਫਿਕੇਟ ਪ੍ਰਾਪਤ ਕਰਕੇ ਆਪਣੇ ਕਿਸੇ ਕਰਮਚਾਰੀ ਦੇ ਹੱਥ ਐਸ.ਸੀ.ਈ.ਆਰ.ਟੀ. ਦਫ਼ਤਰ ਵਿਖੇ ਜਮ੍ਹਾਂ ਕਰਵਾਏ ਜਾਣਗੇ । ਭਵਿੱਖ ਵਿੱਚ ਕਿਸੇ ਵੀ ਨਵ-ਨਿਯੁਕਤ ਅਧਿਆਪਕ ਨੂੰ ਸਿੱਧਾ ਸਰਟੀਫਿਕੇਟ ਵੈਰੀਫਿਕੇਸ਼ਨ ਲਈ ਦਸਤਾਵੇਜ਼ ਜਮ੍ਹਾਂ ਕਰਵਾਉਣ ਲਈ ਇਸ ਦਫ਼ਤਰ ਵਿਖੇ ਨਾ ਭੇਜਿਆ ਜਾਵੇ ।

ਡਾਇਰੈਕਟਰ,
ਐਸ.ਸੀ.ਈ.ਆਰ.ਟੀ. ਪੰਜਾਬ ।

ਪਿੱਠ ਅੰਕਣ ਨੰ: 81352 6/368-373 ਮਿਤੀ: 25-3-25

ਪਿਛਲੇ ਪੰਨੇ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਸਮੂਹ ਪ੍ਰਿੰਸੀਪਲ ਡਾਇਟ, ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ), ਪੰਜਾਬ।
3. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।
4. ਸਹਾਇਕ ਡਾਇਰੈਕਟਰ (ਪ੍ਰੀਖਿਆ), ਐਸ.ਸੀ.ਈ.ਆਰ.ਟੀ. ਪੰਜਾਬ।
5. ਸੁਪਰਡੰਟ,ਐਸ.ਸੀ.ਈ.ਆਰ.ਟੀ., ਪੰਜਾਬ।

ਡਾਇਰੈਕਟਰ,
ਐਸ.ਸੀ.ਈ.ਆਰ.ਟੀ. ਪੰਜਾਬ।

Scanned with OKEN Scanner